# ਬੈਰਿਸਟਰ ਜੋਅ ਸਿੱਧੂ ਦੀ ਅਗਵਾਈ ਵਿਚ ਏਸ਼ੀਅਨ ਵਕੀਲਾਂ ਨੇ ਪੁਲਿਸ ਕਮਿਸ਼ਨਰ ਨਾਲ ਅਹਿਮ ਮੁਲਾਕਾਤ ਕੀਤੀ



ਜੋਅ ਸਿੱਧੂ ਅਤੇ (ਸੱਜੇ) ਪੁਲਿਸ ਕਮਿਸ਼ਨਰ ਬਰਨਾਰਡ ਹੋਗਨ ਹੋਵ

ਲੰਡਨ - ਪਿਛਲੇ ਦਿਨੀਂ ਬਰਤਾਨਵੀ ਏਸ਼ੀਅਨ ਵਕੀਲਾਂ ਦੀ ਇਕ ਸੰਸਥਾ ਦੇ ਨੁਮਾਇੰਦਿਆਂ ਨੇ ਮੈਟਰੋਪੋਲੀਟਨ ਪੁਲਿਸ ਕਮਿਸ਼ਨਰ ਸਰ ਬਰਨਾਰਡ ਹੋਗਨ ਹੋਵ ਦੇ ਨਾਲ ਵਿਸ਼ੇਸ਼ ਮੀਟਿੰਗ ਕੀਤੀ ਜਿਸ ਦੌਰਾਨ ਲੰਡਨ ਵਿਚ ਸੁਰੱਖਿਆ ਅਤੇ ਪੁਲਿਸ ਸੇਵਾਵਾਂ ਦੀ ਬੇਹਤਰੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਸੁਸਾਇਟੀ ਆਫ ਏਸ਼ੀਅਨ ਲਾਇਰਜ਼ ਦੇ ਚੇਅਰਮੈਨ ਜੋਅ ਸਿੱਧੂ (ਕਿਊ.ਸੀ.) ਨੇ ਇਸ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੀਟਿੰਗ ਦੌਰਾਨ ਕਾਫੀ ਅਹਿਮ ਮੁੱਦਿਆਂ ਬਾਰੇ ਵਿਚਾਰਾਂ ਹੋਈਆਂ। ਕਮਿਸ਼ਨਰ ਹੋਗਨ ਹੋਵ ਜੋ ਕਿ ਮੈਟਰੋਪੋਲੀਟਨ ਪੁਲਿਸ ਦਾ ਮੁਖੀ ਹੋਣ ਦੇ ਨਾਲ ਨਾਲ ਦੇਸ਼ ਦਾ ਇਕ ਸਭ ਤੋਂ ਸੀਨੀਅਰ ਅਫਸਰ ਹੈ, ਉਹ ਪ੍ਰਧਾਨ ਮੰਤਰੀ ਦੇ ਲਈ ਸੁਰੱਖਿਆ ਦੇ ਮਾਮਲਿਆਂ ਦਾ ਸਲਾਹਕਾਰ ਵੀ ਹੈ। ਸਰ ਬਰਨਾਰਡ ਵਿਸ਼ੇਸ਼ ਤੌਰ 'ਤੇ ਬੈਰਿਸਟਰ ਸਿੱਧੂ ਦੇ ਸੱਦੇ 'ਤੇ ਇਸ ਮੀਟਿੰਗ ਵਿਚ ਪਹੁੰਚਿਆ। ਕਮਿਸ਼ਨਰ ਨੇ ਇਸ ਮੀਟਿੰਗ ਦੌਰਾਨ ਆਪਣੀ ਤਕਰੀਰ ਵਿਚ ਕਿਹਾ ਕਿ ਉਹ ਲੰਡਨ ਨੂੰ ਸੁਰੱਖਿਅਤ ਬਨਾਉਣ ਲਈ ਏਸ਼ੀਅਨ ਆਗੂਆਂ ਦੀ ਨਵੀਂ ਪੀੜ੍ਹੀ ਨਾਲ ਮਿਲ ਕੇ ਕੰਮ ਕਰਨਾ ਚਾਹੁੰਦਾ ਹੈ। ਉਸ ਨੇ ਸੁਸਾਇਟੀ ਆਫ ਏਸ਼ੀਅਨ ਲਾਇਰਜ਼ ਦੇ ਕਾਰਜਾਂ ਦੀ ਅਤੇ ਖਾਸ ਤੌਰ 'ਤੇ ਜੋ ਸਿੱਧੂ ਦੀ ਅਗਵਾਈ ਦੀ ਭਰਪੂਰ ਸ਼ਲਾਘਾ ਕੀਤੀ।

ਸ. ਸਿੱਧੂ ਜੋਅ ਕਿ ਬਰਤਾਨੀਆ ਵਿਚ ਭਾਰਤੀ ਮੂਲ ਦਾ ਇਕ ਉੱਘਾ ਸੀਨੀਅਰ ਬੈਰਿਸਟਰ ਹੈ, ਸਾਊਥਾਲ ਦਾ ਜੰਮਪਲ ਹੈ ਅਤੇ ਉਸ ਨੇ ਆਕਸਫੋਰਡ ਯੂਨੀਵਰਸਿਟੀ ਅਤੇ ਲੰਡਨ ਸਕੂਲ ਆਫ ਇਕਨਾਮਿਕਸ ਤੋਂ ਆਪਣੀ ਪੜ੍ਹਾਈ ਕੀਤੀ ਹੈ। ਸ. ਸਿੱਧੂ ਨੇ ਦੱਸਿਆ ਕਿ ਉਨ੍ਹਾਂ ਨੇ ਕਮਿਸ਼ਨਰ ਨਾਲ ਸੁਰੱਖਿਆ ਦੇ ਮਾਮਲੇ ਸਬੰਧੀ ਕਾਫੀ ਪ੍ਰਭਾਵਸ਼ਾਲੀ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਇਹ ਵੀ ਵਿਚਾਰਿਆ ਕਿ ਵੱਧ ਤੋਂ ਵੱਧ ਏਸ਼ੀਅਨਾਂ ਨੂੰ ਪੁਲਿਸ ਵਿਚ ਸਿੱਧਾ ਸੀਨੀਅਰ ਪੱਧਰ 'ਤੇ ਭਰਤੀ ਹੋਣਾ ਚਾਹੀਦਾ ਹੈ ਅਤੇ ਕਮਿਸ਼ਨਰ ਨੇ ਆਉਂਦੇ ਸਾਲਾਂ ਵਿਚ ਅਜਿਹਾ ਕਰਨ ਦਾ ਵਾਅਦਾ ਵੀ ਕੀਤਾ।

# ਕੇਂਦਰੀ ਪੰਜਾਬੀ ਸਾਹਿਤ ਸਭਾ ਦੀ ਮੀਟਿ ਵਿਚ ਪ੍ਰੋਫੈਸਰ ਸੁਰਜੀਤ ਸਿੰਘ ਖਾਲਸਾ ਦਾ ਸਨਮ



ਪ੍ਰੋ. ਸੁਰਜੀਤ ਸਿੰਘ ਖਾਲਸਾ ਦੇ ਸਨਮਾਨ ਮੌਕੇ ਦੀ ਇਕ ਤਸਵੀਰ

ਵੁਲਵਰਹੈਂਪਟਨ - ਇਥੇ ਕੇਂਦਰੀ ਪੰਜਾਬੀ ਸਾਹਿਤ ਸਭਾ ਯੂ ਕੇ ਦੀ ਕਾਰਜਕਾਰਨੀ ਦੀ ਵਿਸ਼ੇਸ਼ ਮੀਟਿੰਗ 2ਆਰਜ਼ ਕਮਿਊਨਿਟੀ ਰੀਸੋਰਸ ਸੈਂਟਰ ਵਿਖੇ ਡਾ. ਸਾਥੀ ਲੁਧਿਆਣਵੀ (ਚੇਅਰਮੈਨ) ਦੀ ਪ੍ਰਧਾਨਗੀ ਹੇਠ ਹੋਈ। ਪ੍ਰਧਾਨ ਸ੍ਰੀ ਸੰਤੋਖ ਧਾਲੀਵਾਲ ਨੇ ਮਿਸ਼ਨ ਸਟੇਟਮੈਂਟ ਪੜ੍ਹੀ ਜਿਸ ਉਪਰ ਸਾਰੇ ਹਾਜ਼ਰ ਮੈਂਬਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਸ
ਵਿਚ ਲੋੜੀਂਦੀਆਂ ਸੋਧਾਂ ਵੀ ਕੀਤੀਆਂ ਗ

ਸੁਝਾਅ ਦਿੱਤਾ ਗਿਆ ਕਿ ਜਨਵਰ
ਮੈਂਬਰਸ਼ਿਪ ਹੋਰ ਵਧਾਈ ਜਾਵੇ। ਇਕ ਸੌ
ਬਣਾਉਣ ਦਾ ਟੀਚਾ ਰੱਖਿਆ ਗਿਆ। ਇਸ
ਸਾਰੇ ਮੈਂਬਰ ਵੱਧ ਤੋਂ ਵੱਧ ਕੋਸ਼ਿਸ਼ ਕਰ
ਵਲੋਂ ਛਪਵਾਏ ਗਏ ਹਰ ਪ੍ਰਤੀਨਿਧ ਸਾਹਿਤ
ਮੈਂਬਰ ਦੁਆਰਾ ਮੁੱਲ ਲੈ ਕੇ ਪੜ੍ਹਨ ਲਈ ਮ
ਕੀਤਾ ਗਿਆ। ਪੰਜਾਬੀ ਦੀਆਂ ਪੁਸਤਕ
ਵਾਸਤੇ ਪ੍ਰਚਾਰ ਕਰਨ ਵਾਸਤੇ ਵੀ ਮਤਾ ਪਾਸ
ਤਾਂ ਕਿ ਰੀਡਰਸ਼ਿਪ ਵਧਾਈ ਜਾ ਸਕੇ। ਪ੍ਰੋ.
ਨੇ ਕਿਹਾ ਅਸੀਂ ਸਾਰਿਆਂ ਨੇ ਰਲ ਕੇ ਪੰਜਾ
ਦੀ ਬੇਹਤਰੀ ਲਈ ਕੰਮ ਕਰਨਾ ਹੈ। ਇਸ
ਕੇ ਵਿਚ ਵੱਸਦੇ ਹਰ ਸਾਹਿਤਕਾਰ ਨੂੰ ਇਕ ਪ
ਉਪਰ ਲਿਆਉਣਾ ਚਾਹੀਦਾ ਹੈ। ਡਾ
ਲੁਧਿਆਣਵੀ ਨੇ ਕਿਹਾ ਕਿ ਸਾਰੇ ਸਾਹਿਤ
ਚਿੱਠੀਆਂ ਭੇਜੀਆਂ ਜਾਣ। ਇਸ ਕਾਰਜ ਦੀ
ਸੰਤੋਖ ਧਾਲੀਵਾਲ ਨੇ ਆਪਣੇ ਸਿਰ ਲਈ

ਪ੍ਰੋ. ਸੁਰਜੀਤ ਸਿੰਘ ਖ਼ਾਲਸਾ ਨੂੰ ਉ
ਕੇਂਦਰੀ ਸਭਾ ਯੂ.ਕੇ. ਹਿੱਤ ਨਿਭਾਈਆਂ ਕਾਰ
ਕਾਰਨ ਸਨਮਾਨਿਤ ਕੀਤਾ ਗਿਆ। ਅ
ਇਕੱਤਰਤਾਵਾਂ ਤਿਮਾਹੀ ਕੀਤੀਆਂ ਜਾ
ਅਗਲੀ ਮੀਟਿੰਗ 25 ਜਨਵਰੀ ਨੂੰ ਕੀਤੀ
ਇਸ ਸਮੇਂ ਤੱਕ ਮੈਂਬਰਸ਼ਿਪ ਕਰਨ ਦਾ
ਕਰ ਲਿਆ ਜਾਵੇਗਾ। ਰਿਪੋਰਟ - ਰ

# ਬਾਬਾ ਸੱਜਣ ਸਿੰਘ ਗੁਰੂ ਕੀ ਬੇਰ (ਮੱਤੇਵਾਲ) ਵਾਲਿਆਂ ਦਾ ਇੰਗਲੈਂਡ ਪੁੱਜਣ 'ਤੇ ਨਿੱਘਾ ਸਵਾਗਤ



ਹੀਥਰੋ ਹਵਾਈ ਅੱਡੇ 'ਤੇ ਸੰਤ ਬਾਬਾ ਸੱਜਣ ਸਿੰਘ ਦਾ ਸਵਾਗਤ ਕਰਦੀਆਂ ਹੋਈਆਂ ਸੰਗਤਾਂ

ਲੈਸਟਰ (ਸੁਖਜਿੰਦਰ ਸਿੰਘ ਢੱਡੇ) - ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਮੱਤੇਵਾਲ (ਅੰਮ੍ਰਿਤਸਰ) ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਜੀ ਗੁਰੂ ਕੀ ਬੇਰ ਸਾਹਿਬ ਵਾਲਿਆਂ ਦੇ ਇੰਗਲੈਂਡ ਪੁੱਜਣ 'ਤੇ ਹੀਥਰੋ ਹਵਾਈ ਅੱਡੇ 'ਤੇ ਇੰਗਲੈਂਡ ਦੀਆਂ ਸੰਗਤਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਸੰਤ ਬਾਬਾ ਸੱਜਣ ਸਿੰਘ ਜੀ ਆਪਣੀ ਇੰਗਲੈਂਡ ਫੇਰੀ ਦੌਰਾਨ ਵੱਖ ਵੱਖ ਸ਼ਹਿਰਾਂ ਦੇ ਗੁਰੂਘਰਾਂ 'ਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਨਗੇ ਅਤੇ ਇਥੋਂ ਦੇ ਜੰਮਪਲ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦਾ ਉਪਰਾਲਾ ਕਰਨਗੇ।